ਜਮਾਤ -ਛੇਵੀਂ ਪਾਠ-2 ਆਪਣੇ ਆਪਣੇ ਥਾਂ ਸਾਰੇ ਚੰਗੇ

ਸਾਹਿਤ ਰੂਪ-ਕਹਾਣੀ ਲੇਖਿਕਾ- ਸ਼੍ਰੀਮਤੀ ਅੰਮ੍ਰਿਤਾ ਪ੍ਰੀਤਮ



**ਪ੍ਰਸਨ (ੳ) ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿੱਚ ਕਿਹੜੀਆਂ-ਕਿਹੜੀਆਂ ਚੀਜਾਂ ਪਈਆਂ ਸਨ ?**

ਉੱਤਰ- ਰਸੋਈ ਦੀ ਅਲਮਾਰੀ ਦੇ ਲਿਫ਼ਾਫਿਆਂ ਵਿੱਚ ਇਲਾਚੀ,ਸੌਂਫ, ਜਵੈਣ,ਅੰਬਚੂਰ ਤੇ ਅਨਾਰਦਾਨਾ ਪਏ ਸਨ।



**ਪ੍ਰਸ਼ਨ (ਅ) ਇਲਾਚੀ ਨੂੰ ਕਿਸ ਗੱਲ ਦਾ ਘੁਮੰਡ ਸੀ ?**

ਉੱਤਰ- ਇਲਾਚੀ ਨੂੰ ਆਪਣੇ ਸੁੰਦਰ ਅਤੇ ਮਹਿੰਗੀ ਹੋਣ ਦਾ ਘੁਮੰਡ ਸੀ।

**ਪ੍ਰਸਨ (ੲ) ਸੌਂਫ ਤੇ ਜਵੈਣ ਵਿੱਚ ਕਿਹੜੇ-ਕਿਹੜੇ ਗੁਣ ਹੁੰਦੇ ਹਨ?**

ਉੱਤਰ- ਸੌਂਫ ਤੇ ਜਵੈਣ ਢਿੱਡ ਪੀੜ ਦੂਰ ਕਰਦੀਆਂ ਹਨ। ਕਈ ਦੇਸੀ ਦਵਾਈਆਂ ਵਿੱਚ ਇਹਨਾਂ ਦੀ ਵਰਤੋਂ ਹੁੰਦੀ ਹੈ?

**ਪ੍ਰਸ਼ਨ (ਸ) ਅੰਬਚੂਰ ਕਿਸ ਕੰਮ ਆਉਂਦਾ ਹੈ?**

ਉੱਤਰ- ਅੰਬਚੂਰ ਖੱਟਾ ਹੁੰਦਾ ਹੈ ਇਹ ਵੱਖ-ਵੱਖ ਖਾਣਿਆਂ ਨੂੰ ਸਵਾਦ ਬਣਾਉਣ ਦੇ ਕੰਮ ਆਉਂਦਾ ਹੈ।




**ਪ੍ਰਸਨ (ਹ) ਅਨਾਰਦਾਨਾ ਕਿਹੜੇ ਦੇਸ਼ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਕਿਸ ਚੀਜ ਵਿੱਚ ਹੁੰਦੀ ਹੈ ?**

ਉੱਤਰ- ਅਨਾਰਦਾਨਾ ਕਸ਼ਮੀਰ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਪੂਦਨੇ ਦੀ ਚਟਣੀ ਵਿੱਚ ਕੀਤੀ ਜਾਂਦੀ ਹੈ।

**ਪ੍ਰਸਨ(ਕ)ਪੂਦਨੇ ਦਾ ਇਲਾਚੀ ਤੇ ਦੂਜੀਆਂ ਚੀਜਾਂ ਬਾਰੇ ਕੀ ਵਿਚਾਰ ਸੀ?**

ਉੱਤਰ-ਪੂਦਨੇ ਦਾ ਵਿਚਾਰ ਸੀ ਕਿ ਇਲਾਚੀ ਨੂੰ ਆਪਣੇ-ਆਪ ਨੂੰ ਉੱਤਮ ਨਹੀਂ ਸਮਝਣਾ ਚਾਹੀਦਾ,ਸਾਰੇ ਆਪਣੇ-ਆਪਣੇ ਥਾਂ ਚੰਗੇ ਹੁੰਦੇ ਹਨ।

**ਪ੍ਰਸ਼ਨ (ਖ) ਪੂਦਨੇ ਨੇ ਕੀ ਗੱਲ ਕੀਤੀ ਸੀ ਅਤੇ ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਕੀ ਵਚਨ ਦਿੱਤਾ?**

ਉੱਤਰ- ਪੂਦਨੇ ਨੇ ਮਿਲ ਕੇ ਰਹਿਣ ਦੀ ਗੱਲ ਕੀਤੀ ਸੀ ਅਤੇ ਉਸ ਦੀ ਗੱਲ ਸੁਣ ਕੇ ਸਾਰਿਆਂ ਨੇ ਵਚਨ ਦਿੱਤਾ ਕਿ ਉਹ ਇੱਕ-ਦੂਜੇ ਦੇ ਅਸਲੀ ਸਾਥੀ ਬਣਨਗੇ ਅਤੇ ਇਕੱਠੇ ਰਲ਼ ਕੇ ਰਹਿਣਗੇ।

**ਪ੍ਰਸਨ 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**


1. ਰਸੋਈ - ਰਮਨ ਦੇ ਮਾਤਾ ਜੀ ਰਸੋਈ ਵਿੱਚ ਖਾਣਾ ਬਣਾ ਰਹੇ ਸਨ।
2. ਅਲਮਾਰੀ - ਮੈਂ ਆਪਣੇ ਕੱਪੜੇ ਅਲਮਾਰੀ ਵਿੱਚ ਰੱਖਦਾ ਹਾਂ।
3. ਮਠਿਆਈ- ਬੱਚੇ ਮਠਿਆਈ ਬਹੁਤ ਪਸੰਦ ਕਰਦੇ ਹਨ।
4. ਸ਼ਰਬਤ- ਅਸੀਂ ਗਰਮੀਆਂ ਵਿੱਚ ਸ਼ਰਬਤ ਪੀਂਦੇ ਹਾਂ।
5. ਅਸਮਾਨ- ਪੰਛੀ ਅਸਮਾਨ ਵਿੱਚ ਉੱਡ ਰਹੇ ਸਨ।

**ਪ੍ਰਸਨ 3. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।**

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਜਮਾਤ -ਛੇਵੀਂ　　　　ਪਾਠ-3 ਮਹਾਤਮਾ ਗਾਂਧੀ

ਸਾਹਿਤ ਰੂਪ-ਲੇਖ　　　　ਲੇਖਿਕਾ- ਸ਼੍ਰੀਮਤੀ ਨਿਤਾਸ਼ਾ ਕੋਹਲੀ



**ਪ੍ਰਸ਼ਨ (ੳ) ਮਹਾਤਮਾ ਗਾਂਧੀ ਜੀ ਦਾ ਪੂਰਾ ਨਾਂ ਕੀ ਹੈ ?**


ਉੱਤਰ- ਮਹਾਤਮਾ ਗਾਂਧੀ ਜੀ ਦਾ ਪੂਰਾ ਨਾਂ ਮੋਹਨ ਦਾਸ ਕਰਮਚੰਦ ਗਾਂਧੀ ਹੈ।

**ਪ੍ਰਸ਼ਨ (ਅ) ਮਹਾਤਮਾ ਗਾਂਧੀ ਜੀ ਨੇ ਕਿਹੜਾ ਮਾਰਗ ਚੁਣਿਆ ?**

ਉੱਤਰ- ਮਹਾਤਮਾਂ ਗਾਂਧੀ ਜੀ ਨੇ ਸਚਾਈ ਤੇ ਅਹਿੰਸਾ ਦਾ ਮਾਰਗ ਚੁਣਿਆ।

**ਪ੍ਰਸ਼ਨ (ੲ) ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਕਿਹੜਾ ਨਾਟਕ ਦੇਖਿਆ ਸੀ ਤੇ ਉਹਨਾਂ ਦੇ ਮਨ ਉੱਤੇ ਉਸ ਨਾਟਕ ਦਾ ਕਿਹੋ ਜਿਹਾ ਪ੍ਰਭਾਵ ਪਿਆ ਸੀ ?**

ਉੱਤਰ- ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਰਾਜਾ ਹਰੀਸ਼ਚੰਦਰ ਨਾਟਕ ਦੇਖਿਆ ਸੀ। ਇਸ ਨੂੰ ਦੇਖ ਕੇ ਉਹ ਸਚਾਈ ਨੂੰ ਰੱਬ ਮੰਨਣ ਲੱਗ ਪਏ।




**ਪ੍ਰਸ਼ਨ (ਸ) ਗਾਂਧੀ ਜੀ ਦੇ ਮਨ ਉੱਤੇ ਸਰਵਣ ਦੀ ਪਿਤਰੀ-ਭਗਤੀ ਦਾ ਕੀ ਅਸਰ ਹੋਇਆ ?**

ਉੱਤਰ- ਸਰਵਣ ਦੀ ਪਿਤਰੀ-ਭਗਤੀ ਤੋਂ ਪ੍ਰਭਾਵਿਤ ਹੋ ਕੇ ਉਹ ਮਾਤਾ-ਪਿਤਾ ਦੀ ਸੇਵਾ ਨੂੰ ਪਰਮ-ਧਰਮ ਮੰਨਣ ਲੱਗ ਪਏ।

**ਪ੍ਰਸ਼ਨ (ਹ) ਗਾਂਧੀ ਜੀ ਨੇ ਸਕੂਲ ਵਿੱਚ ਨਕਲ ਕਿਉਂ ਨਹੀਂ ਕੀਤੀ ?**

ਉੱਤਰ- ਗਾਂਧੀ ਜੀ ਨੇ ਸਕੂਲ ਵਿੱਚ ਨਕਲ ਇਸ ਲਈ ਨਹੀਂ ਕੀਤੀ ਕਿਉਂਕਿ ਉਹਨਾਂ ਦਾ ਵਿਚਾਰ ਸੀ ਕਿ ਨਕਲ ਕਰਕੇ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ।

**ਪ੍ਰਸ਼ਨ(ਕ) ਮਹਾਤਮਾਂ ਗਾਂਧੀ ਜੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ ਸੀ ?**

ਉੱਤਰ-ਮਹਾਤਮਾ ਗਾਂਧੀ ਜੀ ਨੇ ਆਪਣੀ ਮਾਂ ਨੂੰ ਵਚਨ ਦਿੱਤਾ ਸੀ ਕਿ ਉਹ ਕਦੇ ਵੀ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ।



**ਪ੍ਰਸ਼ਨ (ਖ) ਮਹਾਤਮਾਂ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ ?**

ਉੱਤਰ- ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਬੁਰਾ ਨਾ ਬੋਲਣ,ਬੁਰਾ ਨਾ ਦੇਖਣ ਤੇ ਬੁਰਾ ਨਾ ਸੁਣਨ ਦੀ ਸਿੱਖਿਆ ਦਿੰਦੇ ਹਨ।

**ਪ੍ਰਸ਼ਨ 2. ਖ਼ਾਲੀ ਥਾਵਾਂ ਭਰੋ :**

(ੳ) ਗਾਂਧੀ ਜੀ ਦੇ ਵਿਚਾਰ ਬੜੇ ਉੱਚੇ ਤੇ ਸੁੱਚੇ ਸਨ।

(ਅ) ਉਹਨਾਂ ਦਾ ਵਿਸ਼ਵਾਸ ਸੀ ਕਿ ਸੱਚ ਹੀ ਰੱਬ ਹੈ।

(ੲ) ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ ਧਰਮ ਮੰਨਦੇ ਸਨ।

(ਸ) ਗਾਂਧੀ ਜੀ ਆਪਣੇ ਅਸੂਲਾਂ ਦੇ ਬੜੇ ਪੱਕੇ ਸਨ।

(ਹ)ਗਾਂਧੀ ਜੀ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅਹਿੰਸਾ ਦਾ ਮਾਰਗ ਚੁਣਿਆ।

**ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

1. ਅਹਿੰਸਾ - ਗਾਂਧੀ ਜੀ ਨੇ ਸਚਾਈ ਅਤੇ ਅਹਿੰਸਾ ਦਾ ਮਾਰਗ ਚੁਣਿਆ।
2. ਮੁਸੀਬਤ - ਸਾਨੂੰ ਮੁਸੀਬਤ ਸਮੇਂ ਹੌਂਸਲੇ ਤੋਂ ਕੰਮ ਲੈਣਾ ਚਾਹੀਦਾ ਹੈ।
3. ਗ਼ੁਲਾਮ - ਭਾਰਤ ਪਹਿਲਾਂ ਅੰਗਰੇਜ਼ਾਂ ਦਾ ਗ਼ੁਲਾਮ ਸੀ।
4. ਵਹਿੰਗੀ - ਸਰਵਣ ਨੇ ਆਪਣੇ ਮਾਤਾ ਲਈ ਇੱਕ ਵਹਿੰਗੀ ਬਣਵਾਈ।
5. ਸਹਿਪਾਠੀ - ਗੁਰਜੀਤ ਮੇਰਾ ਸਹਿਪਾਠੀ ਹੈ।
6. ਅਧਿਆਪਕ - ਸਾਡੇ ਸਕੂਲ ਵਿੱਚ ਪੰਜ ਅਧਿਆਪਕ ਹਨ।


ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਜਮਾਤ -ਛੇਵੀਂ

ਪਾਠ-4 ਦੇਸ਼ ਪੰਜਾਬ

ਸਾਹਿਤ ਰੂਪ-ਕਵਿਤਾ

ਲੇਖਕ- ਸ਼੍ਰੀ ਫ਼ੀਰੋਜ਼ਦੀਨ ਸ਼ਰਫ਼





ਪ੍ਰਸ਼ਨ(ੳ)ਕਵੀ ਨੇ ਪੰਜਾਬ ਦੇ ਸੁਹੱਪਣ ਦੀ ਤੁਲਨਾ ਕਿਸ ਫੁੱਲ ਨਾਲ ਕੀਤੀ ਹੈ?

ਉੱਤਰ-ਕਵੀ ਨੇ ਪੰਜਾਬ ਦੇ ਸੁਹੱਪਣ ਦੀ ਤੁਲਨਾ ਗੁਲਾਬ ਦੇ ਫੁੱਲ ਨਾਲ ਕੀਤੀ ਹੈ।

ਪ੍ਰਸ਼ਨ (ਅ) ਕਵੀ ਨੇ ਪੀਂਘਾਂ ਝੂਟਦੀਆਂ ਕੁੜੀਆਂ ਦੀ ਸਿਫ਼ਤ ਕੀ ਕਹਿ ਕੇ ਕੀਤੀ ਹੈ?

ਉੱਤਰ- ਕਵੀ ਨੇ ਪੀਂਘਾਂ ਝੂਟਦੀਆਂ ਕੁੜੀਆਂ ਦੀ ਸਿਫ਼ਤ ਨਾਗਰ ਵੇਲਾਂ ਕਹਿ ਕੇ ਕੀਤੀ ਹੈ।



ਪ੍ਰਸਨ (ੲ) ਤ੍ਰਿੰਞਣ ਵਿੱਚ ਬੈਠ ਕੇ ਕੁੜੀਆਂ ਕੀ ਕਰਦੀਆਂ ਹਨ ?

ਉੱਤਰ- ਤ੍ਰਿੰਞਣ ਵਿੱਚ ਬੈਠ ਕੇ ਕੁੜੀਆਂ ਚਰਖਾ ਕੱਤਦੀਆਂ ਹਨ।

ਪ੍ਰਸ਼ਨ (ਸ) ਦੇਸ਼ ਪੰਜਾਬ ਕਵਿਤਾ ਵਿੱਚ ਆਏ ਦਰਿਆਵਾ ਦੇ ਨਾਂ ਲਿਖੋ?

ਉੱਤਰ- ਦੇਸ਼ ਪੰਜਾਬ ਕਵਿਤਾ ਵਿੱਚ ਸਤਲੁਜ,ਰਾਵੀ,ਜਿਹਲਮ,ਅਟਕ ਤੇ ਚਨਾਬ ਦਰਿਆਵਾਂ ਦੇ ਨਾਂ ਆਏ ਹਨ।




ਪ੍ਰਸ਼ਨ (ਹ) ਇਸ ਕਵਿਤਾ ਅਨੁਸਾਰ ਪੰਜਾਬਣਾਂ ਦੇ ਪਹਿਰਾਵੇ ਬਾਰੇ ਦੱਸੋ ?

ਉੱਤਰ- ਇਸ ਕਵਿਤਾ ਅਨੁਸਾਰ ਪੰਜਾਬਣਾਂ ਹੀਰੇ-ਮੋਤੀਆਂ ਜੜੇ ਹਾਰ ਹਮੇਲਾਂ ਪਹਿਨ ਕੇ ਬਹੁਤ ਫ਼ਬਦੀਆਂ ਹਨ।

ਪ੍ਰਸ਼ਨ (ਕ)'ਦੇਸ਼ ਪੰਜਾਬ'ਕਵਿਤਾ ਵਿੱਚ ਆਏ ਦਰਿਆਵਾਂ ਬਾਰੇ ਲਿਖੋ ?

ਉੱਤਰ- ਦੇਸ਼ ਪੰਜਾਬ ਕਵਿਤਾ ਵਿੱਚ ਦੱਸੇ ਦਰਿਆ ਪੁਰਾਤਨ ਪੰਜਾਬ ਵਿੱਚ ਵਗਦੇ ਸਨ।ਹੁਣ ਪੰਜਾਬ ਵਿੱਚ ਦੋ ਹੀ ਦਰਿਆ ਰਹਿ ਗਏ ਹਨ।

ਪ੍ਰਸ਼ਨ 2. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।




ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਜਮਾਤ -ਛੇਵੀਂ

ਸਾਹਿਤ ਰੂਪ-ਕਹਾਣੀ

ਪਾਠ-5 ਲਿਫ਼ਾਫ਼ੇ

ਲੇਖਕ- ਸ਼੍ਰੀ ਰਮੇਸ਼ ਭਾਰਤੀ



ਪ੍ਰਸ਼ਨ (ੳ) ਬੱਚੇ ਸਕੂਲ ਤੋਂ ਬਾਹਰ ਕੀ ਕਰਨ ਗਏ ਸਨ?

ਉੱਤਰ- ਬੱਚੇ ਸਕੂਲ ਤੋਂ ਬਾਹਰ ਮੋਮਜਾਮੇ ਦੇ ਲਿਫ਼ਾਫ਼ੇ ਇਕੱਠੇ ਕਰਨ ਗਏ ਸਨ।

ਪ੍ਰਸ਼ਨ (ਅ) ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਕਿਵੇਂ ਦੂਸ਼ਿਤ ਕਰਦੇ ਹਨ?

ਉੱਤਰ- ਮੋਮਜਾਮੇ ਦੇ ਲਿਫ਼ਾਫ਼ੇ ਗ਼ਲਦੇ ਜਾਂ ਸੜਦੇ ਨਹੀਂ, ਇਸ ਤਰ੍ਹਾਂ ਇਹ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।

ਪ੍ਰਸ਼ਨ (ੲ) ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਕਿਉਂ ਨਹੀਂ ਸੁੱਟਣਾ ਚਾਹੀਦਾ ?

ਉੱਤਰ- ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਇਸ ਲਈ ਨਹੀਂ ਸੁੱਟਣਾ ਚਾਹੀਦਾ ਕਿਉਂਕਿ ਅਵਾਰਾ ਪਸ਼ੂ ਇਹਨਾਂ ਨੂੰ ਖਾ ਕੇ ਮਰ ਸਕਦੇ ਹਨ।



ਪ੍ਰਸ਼ਨ (ਸ) ਲਿਫ਼ਾਫ਼ਿਆਂ ਦੀ ਵਰਤੋਂ ਬਾਰੇ ਸਰਕਾਰ ਕੀ ਕਰ ਰਹੀ ਹੈ ?

ਉੱਤਰ- ਸਰਕਾਰ ਨੇ ਕਈ ਥਾਵਾਂ ਤੇ ਕਾਨੂੰਨ ਬਣਾ ਕੇ ਲਿਫ਼ਾਫ਼ਿਆਂ ਦੀ ਵਰਤੋਂ ਉੱਤੇ ਪਾਬੰਦੀ ਲਗਾ ਦਿੱਤੀ ਹੈ।

ਪ੍ਰਸ਼ਨ (ਹ)ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕੀ ਕਿਹਾ ?

ਉੱਤਰ- ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕਿਹਾ ਕਿ ਸ਼ਾਬਾਸ਼ ਮੁੰਡਿਓ,ਤੁਸੀਂ ਬੜੀ ਵੱਡੀ ਮੱਲ ਮਾਰੀ ਹੈ।



ਪ੍ਰਸ਼ਨ(ਕ)ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਹੋਰ ਕਿਹੜੀ ਥਾਂ ਤੇ ਨੁਕਸਾਨ ਪਹੁੰਚਾਉਂਦੇ ਹਨ?

ਉੱਤਰ- ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਨਾ਼ਲੀਆਂ ਵਿੱਚ ਫਸ ਕੇ ਪਾਣੀ ਦਾ ਵਹਿਣਾ ਬੰਦ ਕਰ ਦਿੰਦੇ ਹਨ ਤੇ ਗ਼ਲੀਆਂ ਨੂੰ ਵੀ ਗੰਦਾ ਕਰਦੇ ਹਨ।

ਪ੍ਰਸ਼ਨ 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1. ਸਕੂਲ- ਸਾਡਾ ਸਕੂਲ ਬਹੁਤ ਸੁੰਦਰ ਹੈ।
2. ਵਾਤਾਵਰਨ- ਸਭ ਨੂੰ ਵਾਤਾਵਰਨ ਦੀ ਸੰਭਾ਼ਲ ਕਰਨੀ ਚਾਹੀਦੀ ਹੈ।
3. ਮੋਮਜਾਮੇ- ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।
4. ਖ਼ਤਰਨਾਕ- ਨਸ਼ਾ ਕਰਕੇ ਵਾਹਨ ਚਲਾਉਣਾ ਖ਼ਤਰਨਾਕ ਹੈ।
5. ਬੇਚੈਨ - ਗਰਮੀ ਕਾਰਨ ਬੱਚੇ ਬਹੁਤ ਬੇਚੈਨ ਹੋ ਰਹੇ ਸਨ।
6. ਹਿੰਮਤ - ਔਖੇ ਸਮੇਂ ਹਿੰਮਤ ਤੋਂ ਕੰਮ ਲੈਣਾ ਚਾਹੀਦਾ ਹੈ।


ਪ੍ਰਸ਼ਨ 3,4 ਅਤੇ 5 ਵਿਦਿਆਰਥੀ ਪਾਠ ਪੜ੍ਹ ਕੇ ਆਪ ਕਰਨਗੇ


ਤਿਆਰ ਕਰਤਾ:-

ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਜਮਾਤ -ਛੇਵੀਂ
ਸਾਹਿਤ ਰੂਪ-ਲੇਖ


ਪਾਠ-6 ਬਾਬਾ ਬੁੱਢਾ ਜੀ
ਲੇਖਕ- ਪ੍ਰੋ.ਜਗਦੀਸ਼ ਸਿੰਘ



ਪ੍ਰਸ਼ਨ (ੳ) ਬੂੜੇ ਨਾਂ ਦਾ ਬਾਲਕ ਕੀ ਕਰਦਾ ਹੁੰਦਾ ਸੀ ?
ਉੱਤਰ- ਬੂੜੇ ਨਾਂ ਦਾ ਬਾਲਕ ਗਊਆਂ ਚਰਾਉਂਦਾ ਹੁੰਦਾ ਸੀ।

ਪ੍ਰਸ਼ਨ (ਅ) ਬੂੜਾ ਉਦਾਸ ਕਿਉਂ ਰਹਿੰਦਾ ਸੀ ?
ਉੱਤਰ- ਬੂੜੇ ਨੂੰ ਹਰ ਵਕਤ ਮੌਤ ਦਾ ਡਰ ਰਹਿੰਦਾ ਸੀ। ਇਸ ਕਰਕੇ ਉਹ ਉਦਾਸ ਰਹਿੰਦਾ ਸੀ ।

ਪ੍ਰਸ਼ਨ (ੲ) ਗੁਰੂ ਸਾਹਿਬ ਨੇ ਬੂੜੇ ਨੂੰ ਕਿਸ ਚੀਜ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਕੀ ਨਾਂ ਰੱਖਿਆ?
ਉੱਤਰ- ਗੁਰੂ ਸਾਹਿਬ ਨੇ ਬੂੜੇ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਨਾਂ ਬਾਬਾ ਬੁੱਢਾ ਰੱਖਿਆ ।



ਪ੍ਰਸ਼ਨ (ਸ) ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਅਤੇ ਉਹਨਾਂ ਦੇ ਬੱਚਿਆਂ ਨੂੰ ਕਿਸ ਪ੍ਰਕਾਰ ਦੀ ਸਿੱਖਿਆ ਦਿੱਤੀ ਸੀ ?
ਉੱਤਰ-ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਅਤੇ ਉਹਨਾਂ ਦੇ ਬੱਚਿਆਂ ਨੂੰ ਪੜ੍ਹਾਈ-ਲਿਖਾਈ ਤੇ ਸ਼ਸਤਰ ਵਿੱਦਿਆ ਦੀ ਸਿੱਖਿਆ ਦਿੱਤੀ ਸੀ ।

ਪ੍ਰਸ਼ਨ (ਹ) ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਕੀ ਅਸੀਸ ਦਿੱਤੀ ?
ਉੱਤਰ- ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਅਸੀਸ ਦਿੱਤੀ ਕਿ ਤੁਹਾਡੇ ਘਰ ਅਜਿਹਾ ਪੁੱਤਰ ਜਨਮ ਲਵੇਗਾ,ਜੋ ਦੁਸ਼ਮਣਾਂ ਦੇ ਸਿਰ ਗੰਢੇ ਵਾਂਗ ਭੰਨੇਗਾ।

ਪ੍ਰਸ਼ਨ(ਕ) ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਖੇ ਕਿਸ ਪ੍ਰਕਾਰ ਦੀ ਸੇਵਾ ਕੀਤੀ ?
ਉੱਤਰ- ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਖੇ ਪਹਿਲੇ ਗ੍ਰੰਥੀ ਦੇ ਰੂਪ ਵਿੱਚ ਸੇਵਾ ਕੀਤੀ ।

ਪ੍ਰਸ਼ਨ 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

1.ਵੱਗ- ਖੇਤ ਵਿੱਚ ਪਸ਼ੂਆਂ ਦਾ ਵੱਗ ਚਰ ਰਿਹਾ ਸੀ।
2.ਅਡੋਲ- ਸਾਧੂ ਸਮਾਧੀ ਵਿੱਚ ਅਡੋਲ ਬੈਠਾ ਸੀ।
3.ਅਨੋਖਾ- ਮੈਂ ਇੱਕ ਅਨੋਖਾ ਜਾਨਵਰ ਦੇਖਿਆ।
4.ਆਦਰ- ਸਾਨੂੰ ਵੱਡਿਆਂ ਦਾ ਆਦਰ ਕਰਨਾ ਚਾਹੀਦਾ ਹੈ।
5. ਤਕਾਲਾਂ- ਤਕਾਲਾਂ ਪੈਣ 'ਤੇ ਸਾਰੇ ਘਰ ਮੁੜ ਆਉਂਦੇ ਹਨ।
6.ਸੁਲਝਿਆ- ਭਾਈ ਵੀਰ ਸਿੰਘ ਇੱਕ ਸੁਲਝਿਆ ਲੇਖਕ ਸੀ।
7.ਮਸ਼ਹੂਰ- ਸਾਡਾ ਸਕੂਲ ਪੂਰੇ ਇਲਾਕੇ ਵਿੱਚ ਮਸ਼ਹੂਰ ਹੈ।

ਤਿਆਰ ਕਰਤਾ:-
ਅਵਤਾਰ ਸਿੰਘ
ਪੰਜਾਬੀ ਮਾਸਟਰ
ਸਰਕਾਰੀ ਮਿਡਲ
ਸਕੂਲ,ਦੇਧਨਾ
99886-43700

ਪ੍ਰਸ਼ਨ 3. ਪਾਠ ਪੜ੍ਹ ਕੇ ਵਿਦਿਆਰਥੀ ਆਪ ਇਸ ਪ੍ਰਸ਼ਨ ਦੇ ਉੱਤਰ ਦੇਣਗੇ।